# ਪੰਜਾਬ ਮਿਡ ਡੇ ਮੀਲ ਸੋਸਾਇਟੀ

ਪੰਜਾਬ ਸਕੂਲ ਐਜੂਕੇਸਨ ਬੋਰਡ ਕੰਪਲੈਕਸ, ਪੰਜਵੀਂ ਮੰਜ਼ਿਲ, ਜਿਲ੍ਹਾਂ ਐੱਸ.ਏ.ਐੱਸ ਨਗਰ, (ਮੋਹਾਲੀ)
ਫੋਨ ਨੰ: 0172-2210019, ਈ-ਮੇਲ:- mdmpunjab@punjabeducation.gov.in,

2024/21561
20/09/24

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ),
ਪੰਜਾਬ ਰਾਜ।

ਮੀਮੋਂ ਨੰ. ਪੀ.ਐਮ ਪੋਸ਼ਣ/ਐੱਮ.ਡੀ.ਐਮ/EMIS/2024/ 246398
ਮਿਤੀ : 20/09/2024

ਵਿਸ਼ਾ:- ਪੀ.ਐੱਮ ਪੋਸ਼ਣ (ਪੁਰਾਣਾ ਨਾਂ ਮਿਡ ਡੇ ਮੀਲ) ਸਕੀਮ ਅਧੀਨ ਰੋਜਾਨਾ ਈ-ਪੰਜਾਬ ਐਪ ਤੇ ਡਾਟਾ ਫੀਡ ਕਰਨ/ਐੱਸ.ਐਮ.ਐੱਸ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੋਜਾਨਾ ਇਹ ਵੇਖਣ ਵਿੱਚ ਆਇਆ ਹੈ ਕਿ ਪੰਜਾਬ ਰਾਜ ਦੇ ਸਮੂਹ ਸਕੂਲਾਂ ਵੱਲੋ E-Punjab App ਤੇ ਮਿਡ ਡੇ ਮੀਲ ਦਾ ਡਾਟਾ ਫੀਡ ਨਹੀ ਕੀਤਾ ਜਾ ਰਿਹਾ ਜਾਂ ਫਿਰ ਬਹੁਤ ਦੇਰੀ ਦੇ ਨਾਲ ਫੀਡ ਕੀਤਾ ਜਾਂਦਾ ਹੈ ਜਿਸ ਦੇ ਨਤੀਜੇ ਵੱਜੋ ਭਾਰਤ ਸਰਕਾਰ ਤੇ ਪ੍ਰਾਪਤ ਹੋ ਰਹੀਆਂ ਰਿਪੋਰਟਾਂ ਵਿੱਚ ਪੰਜਾਬ ਰਾਜ ਦੀ ਪ੍ਰਤੀਸਤਤਾ ਵਿੱਚ ਗਿਰਾਵਟ ਆ ਰਹੀ ਹੈ।

2.0 ਉਕਤ ਸਬੰਧੀ ਇਹ ਵੀ ਪਾਇਆ ਗਿਆ ਹੈ ਕਿ ਈ-ਪੰਜਾਬ ਪੋਰਟਲ ਅਤੇ ਐਪ ਤੇ ਹੋਰ ਲੋੜੀਦੇ ਕੰਮਾਂ ਨੂੰ ਤਵੱਜੋ ਦਿੱਤੀ ਜਾਂਦੀ ਹੈ ਜਿਸਦੇ ਨਤੀਜੇ ਵੱਜੋ ਸਰਵਰ ਬਹੁਤ ਹੀ ਜਿਆਦਾ ਬਿਜੀ ਹੋ ਜਾਂਦਾ ਹੈ ਅਤੇ ਇਹ ਰਿਪੋਰਟ ਵਿੱਚ ਬਹੁਤ ਸਾਰੇ ਸਕੂਲਾਂ ਦਾ ਡਾਟਾ ਜੀਰੋ ਆ ਜਾਂਦਾ ਹੈ।

3.0 ਉਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਫੈਸਲਾ ਲਿਆ ਗਿਆ ਹੈ ਕਿ <u>ਰੋਜਾਨਾ 12 ਵਜੇ ਦੁਪਿਹਰ ਤੋ ਲੈ ਕੇ 2 ਵਜੇ ਬਾਅਦ ਦੁਪਿਹਰ ਤੱਕ ਮਿਡ ਡੇ ਮੀਲ ਦੇ ਕੰਮ ਨੂੰ ਈ-ਪੰਜਾਬ ਪੋਰਟਲ ਤੇ MIS Wing Headquarter ਵਲੋਂ ਤਰਜੀਹ ਦਿੱਤੀ ਜਾਵੇਗੀ ਤਾਂ ਜੋ 100% ਡਾਟਾ ਯਕੀਨੀ ਬਣਾਇਆ ਜਾ ਸਕੇ,</u> ਇਸ ਸਬੰਧੀ ਸਮੂਹ ਸਕੂਲਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਕਿ ਹਰ ਰੋਜ ਰੋਜਾਨਾ ਈ-ਪੰਜਾਬ ਐਪ ਤੇ ਮਿਡ ਡੇ ਮੀਲ ਦਾ ਡਾਟਾ ਫੀਡ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਜੇਕਰ ਕਿਸੇ ਵੀ ਸਕੂਲ ਵੱਲੋ ਹੁਕਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਉਸ ਸਕੂਲ ਦੇ ਮੁੱਖੀ ਸਮੇਤ ਮਿਡ ਡੇ ਮੀਲ ਇੰਚਾਰਜ ਦੇ ਖਿਲਾਫ ਰੂਲਾਂ ਅਨੁਸਾਰ ਵਿਭਾਗੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

4.0 ਉਪ ਜਿਲ੍ਹਾ ਸਿੱਖਿਆ ਅਫਸਰਜ਼ (ਐ.ਸਿ) ਰਾਂਹੀ ਇਸ ਦੀ ਰੋਜਾਨਾ ਸਮੀਖਿਆ ਕਰਵਾਈ ਜਾਵੇ ਅਤੇ ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

ਇਹ ਪੱਤਰ ਸਮਰੱਥਕ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਜਨਰਲ ਮੈਨੇਜਰ

Scanned with OKEN Scanner

ਪਿ.ਅੰ.ਨੰ. ਪੀ.ਐਮ ਪੋਸ਼ਣ/ਐੱਮ.ਡੀ.ਐਮ/EMIS/2024/ 246399 ਮਿਤੀ:- 20/09/2024

ਉਪਰੋਕਤ ਦੇ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਮੂਹ ਉਪ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਬਤੌਰ ਨੋਡਲ ਅਫਸਰ ਪੀ.ਐਮ ਪੋਸ਼ਣ (ਪੁਰਾਣਾ ਨਾਂ ਮਿਡ ਡੇ ਮੀਲ) ਸਕੀਮ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਵਾਉਣੀ ਯਕੀਨੀ ਬਣਾਉਣਗੇ।

ਜਨਰਲ ਮੈਨੇਜਰ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. ਮੀ-2/2024 247058
ਮਿਤੀ ਜਲੰਧਰ 20/09/2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀ (ਜ਼ਿਲ੍ਹਾ ਜਲੰਧਰ) ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਵ.ਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਜਲੰਧਰ

Scanned with OKEN Scanner